بِسۡمِ اللّٰهِ الرَّحۡمٰنِ الرَّحِيۡمِ نَحۡمَدُهٗ وَ نُصَلِّىۡ عَلٰى رَسُوۡلِهِ الۡكَرِيۡمِ وَعَلٰى عَبۡدِهِ الۡمَسِيۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀਆਂ ਸ਼ਫ਼ਕ਼ਤਾਂ ਅਤੇ ਦਾਨ ਪੁੰਨ ਦਾ ਈਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 10 ਜੁਲਾਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਸੀਰਤ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਆਪ عليه السلام ਦੀ ਜ਼ਿੰਦਗੀ ਵਿੱਚ ਦਾਨ-ਪੁੰਨ ਦੀ ਇੱਕ ਹੋਰ ਸ਼ਾਨ ਵੀ ਜਲਵਾਗਰ ਹੈ ਜਿਹੜੀ **ਸਿਫ਼ਾਰਿਸ਼** ਦਾ ਰੰਗ ਰੱਖਦੀ ਹੈ। ਕਈ ਵਾਰ ਆਪ عليه السلام ਦੀ ਖ਼ਿਦਮਤ ਵਿੱਚ ਕੋਈ ਅਜਿਹਾ ਸਵਾਲੀ ਆਉਂਦਾ ਜਿਸ ਦੇ ਸਵਾਲ ਨੂੰ ਪੂਰਾ ਕਰਨਾ ਆਪ عليه السلام ਦੇ ਇਖ਼ਤਿਆਰ ਵਿੱਚ ਨਹੀਂ ਹੁੰਦਾ ਸੀ ਬਲਕਿ ਉਸ ਦਾ ਸੰਬੰਧ ਦੂਸਰਿਆਂ ਨਾਲ਼ ਹੁੰਦਾ ਸੀ। ਇਸ ਹਾਲਤ ਵਿੱਚ ਆਪ عليه السلام ਇਸ ਗੱਲ ਦਾ ਵੀ **ਪ੍ਰਬੰਧ** ਰੱਖਦੇ ਸਨ ਕਿ ਉਸ ਦੇ ਫ਼ਾਇਦੇ ਦੇ ਲਈ ਅਜਿਹੇ ਲੋਕਾਂ ਨੂੰ ਵੀ ਸਿਫ਼ਾਰਿਸ਼ ਲਈ ਕਹਿ ਦਿੰਦੇ ਸਨ ਜਿਨ੍ਹਾਂ ਨੂੰ ਆਪਣੀ ਕਿਸੇ ਨਿਜੀ ਲੋੜ ਦੇ ਲਈ ਵੀ ਕਦੀ ਕੁੱਝ ਨਾ ਕਹਿੰਦੇ ਸਨ।

ਮਿਰਜ਼ਾ ਇਮਾਮੁੱਦ ਦੀਨ ਸਾਹਿਬ ਇਸ ਸਿਲਸਿਲੇ ਦੇ ਸਖ਼ਤ **ਦੁਸ਼ਮਣ** ਸਨ ਅਤੇ ਹਜ਼ੂਰ عليه السلام ਦੇ ਖ਼ਾਨਦਾਨ ਦੇ ਨਾਲ਼ ਉਨ੍ਹਾਂ ਨੂੰ ਦੁਸ਼ਮਣੀ ਸੀ ਪਰ ਹਜ਼ੂਰ عليه السلام ਉਨ੍ਹਾਂ ਦੀ ਦੁਸ਼ਮਣੀ ਨੂੰ ਦੁਨਿਆਵੀ ਮਾਮਲਿਆਂ ਵਿੱਚ ਹਮੇਸ਼ਾ ਨਜ਼ਰ ਅੰਦਾਜ਼ ਕਰ ਦਿੰਦੇ ਸਨ। ਯਾਨੀ ਉਨ੍ਹਾਂ ਨਾਲ਼ **ਸਲੂਕ** ਵਿੱਚ ਕਦੀ ਵੀ ਆਪ عليه السلام ਨੇ **ਫ਼ਰਕ** ਨਹੀਂ ਕੀਤਾ। ਉਹ **ਕਦੀ ਕਦਾਈਂ** ਹਜ਼ੂਰ عليه السلام ਕੋਲੋਂ ਮਾਲੀ ਮਦਦ ਲੈ ਲੈਂਦੇ ਅਤੇ ਬਾਵਜੂਦ ਇਨ੍ਹਾਂ ਇਹਸਾਨਾਂ ਦੇ ਮੁਖ਼ਾਲਫ਼ਤ ਵਿੱਚ ਵੀ ਲੱਗੇ ਰਹਿੰਦੇ ਸਨ। ਇੱਕ ਵਾਰ ਉਸ ਨੇ ਇੱਕ ਘੋੜਾ ਵੇਚਣਾ ਸੀ ਅਤੇ ਉਸ ਦੇ ਲਈ ਉਸ ਨੇ ਬਿਹਤਰ ਮੌਕ਼ਾ ਇਹ ਸੋਚਿਆ ਕਿ ਇਸ ਘੋੜੇ ਨੂੰ ਜੰਮੂ ਲੈ ਜਾਵੇ ਅਤੇ ਹਜ਼ਰਤ ਹਕੀਮੁਲ੍ ਉੱਮਤ ਮੌਲਵੀ ਨੂਰੁੱਦ੍ ਦੀਨ ਖ਼ਲੀਫ਼ਤੁਲ੍ ਮਸੀਹ੍ ਅੱਵਲ ਰਜ਼ਿ ਅੱਲਾਹੁ ਅਨਹੁ ਦੇ ਜ਼ਰੀਆ ਵੇਚੇ ਤਾਂ ਜੋ ਉਸ ‘ਤੇ ਇੱਕ ਮੁਨਾਸਿਬ ਰਕ਼ਮ ਮਿਲ਼ ਜਾਵੇ। ਇਸ ਚੀਜ਼ ਨੂੰ ਜ਼ਹਿਨ ਵਿੱਚ ਰੱਖ ਕੇ ਉਸ ਨੇ ਖ਼ੁਦ ਹਜ਼ੂਰ عليه السلام ਕੋਲ਼ **ਦਰਖ਼ਾਸਤ** ਕੀਤੀ ਕਿ ਆਪ عليه السلام ਇੱਕ ਸਿਫ਼ਾਰਸ਼ੀ ਖ਼ਤ ਹਜ਼ਰਤ ਹਕੀਮੁਲ੍ ਉੱਮਤ رضي الله عنه ਦੇ ਨਾਮ ਲਿਖ ਦਿਓ। ਆਪ عليه السلام ਨੇ ਉਸ ਦੀ ਦਰਖ਼ਾਸਤ ਨੂੰ ਰੱਦ ਨਾ ਕੀਤਾ ਅਤੇ ਬਿਨਾ ਪਲ ਵੀ ਗਵਾਏ ਹਜ਼ਰਤ ਮੌਲਵੀ ਸਾਹਿਬ رضي الله عنه ਦੇ ਨਾਮ ਇੱਕ ਸਿਫ਼ਾਰਸ਼ੀ ਖ਼ਤ ਦੇ ਦਿੱਤਾ।

ਮਿਰਜ਼ਾ ਮੁਹੱਮਦ ਬੇਗ ਵਲਦ ਮਿਰਜ਼ਾ ਅਹਮਦ ਬੇਗ ਹੁਸ਼ਿਆਰਪੁਰੀ ਦੇ ਖ਼ਾਨਦਾਨ ਦੇ ਸਖ਼ਤ ਬੇ-ਦੀਨ ਅਤੇ ਸਿਲਸਿਲੇ ਦਾ ਦੁਸ਼ਮਣ ਹੋਣ ਦੀ ਵਜ੍ਹਾ ਨਾਲ਼ ਉਨ੍ਹਾਂ ਦੇ ਖ਼ਾਨਦਾਨ ਨਾਲ਼ ਆਪ عليه السلام ਦੇ ਸੰਬੰਧ **ਖ਼ੁਸ਼ਗਵਾਰ** ਨਹੀਂ ਸਨ। ਮਿਰਜ਼ਾ ਮੁਹੱਮਦ ਬੇਗ ਨੇ ਜੰਮੂ ਵਿੱਚ ਮੁਲਾਜ਼ਮਤ ਕਰਨੀ ਚਾਹੀ ਅਤੇ ਹਜ਼ੂਰ عليه السلام ਕੋਲ਼ ਦਰਖ਼ਾਸਤ ਕੀਤੀ ਕਿ ਹਜ਼ਰਤ ਹਕੀਮੁਲ੍ ਉੱਮਤ رضي الله عنه ਦੇ ਨਾਮ ਸਿਫ਼ਾਰਸ਼ੀ ਖ਼ਤ ਦੇ ਦਿੱਤਾ ਜਾਵੇ ਤਾਂ ਜੋ ਉਹ ਮਦਦ ਕਰ ਦੇਣ। ਆਪ عليه السلام ਨੇ ਬਿਨਾ ਪਲ

ਵੀ ਗਵਾਏ ਖ਼ਤ ਲਿਖ ਦਿੱਤਾ ਕਿ ਬੇ-ਸ਼ਕ ਇਨ੍ਹਾਂ ਦੇ ਵਾਲਿਦ ਮੇਰੇ ਨਾਲ਼ ਦੁਸ਼ਮਣੀ ਰੱਖਦੇ ਹਨ ਪਰ ਕੁੱਝ ਹਰਜ ਨਹੀਂ ਕਿ ਇਨ੍ਹਾਂ ਦੀ ਸਖ਼ਤੀ ਦੇ ਬਦਲੇ ਨਰਮੀ ਇਖ਼ਤਿਆਰ ਕਰਕੇ إِدْفَعْ بِالَّتِيْ هِيَ أَحْسَنُ ਦਾ ਸਵਾਬ ਹਾਸਿਲ ਕੀਤਾ ਜਾਵੇ। ਇਨ੍ਹਾਂ ਦੀ ਮਦਦ ਕਰ ਕੇ **ਪੁਲਿਸ ਮਹਿਕਮੇ** ਵਿੱਚ ਨੌਕਰ ਕਰਾ ਦਿਓ।

ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ **ਕਾਦੀਆਂ** ਵਿੱਚ ਇੱਕ ਸ਼ਖ਼ਸ ਨਿਹਾਲ ਚੰਦ ਬ੍ਰਾਹਮਣ ਸੀ ਜਿਹੜਾ ਆਪਣੀ ਜਵਾਨੀ ਦੇ ਦਿਨਾਂ ਵਿੱਚ ਮਸ਼ਹੂਰ **ਮੁਕ਼ੱਦਮੇ ਬਾਜ਼** ਸੀ ਅਤੇ ਹਜ਼ੂਰ عليه السلام ਦੇ ਖ਼ਾਨਦਾਨ ਦੇ ਨਾਲ਼ ਆਮ ਤੌਰ ‘ਤੇ ਮੁਕ਼ਾਬਲਾ ਅਤੇ ਸ਼ਰਾਰਤਾਂ ਕਰਦਾ ਰਹਿੰਦਾ ਸੀ। ਅਖ਼ੀਰ ਉਮਰ ਵਿੱਚ ਉਸ ਦੀ ਮਾਲੀ ਹਾਲਤ ਨਿਹਾਇਤ ਖ਼ਰਾਬ ਹੋ ਗਈ ਇਥੋਂ ਤੱਕ ਕਿ ਕਈ ਵਾਰ ਉਸ ਨੂੰ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਦੇ ਲਈ ਵੀ ਮੁਸ਼ਕਿਲਾਂ ਪੇਸ਼ ਆਉਂਦੀਆਂ ਸਨ। ਉਸ ਨੇ ਇੱਕ ਵਾਰ ਹਜ਼ੂਰ عليه السلام ਦੇ ਬੂਹੇ ‘ਤੇ ਆ ਕੇ ਮੁਲਾਕ਼ਾਤ ਦੀ ਖ਼ਾਹਿਸ਼ ਕੀਤੀ ਅਤੇ ਆਪਣਾ **ਕ਼ਿੱਸਾ** ਕਿਹਾ। ਆਪ عليه السلام ਨੇ ਤਸੱਲੀ ਦਿੱਤੀ ਅਤੇ ਪੰਜੀ ਰੁਪਏ ਦੀ ਰਕ਼ਮ ਦਿੱਤੀ ਅਤੇ ਫ਼ਰਮਾਇਆ ਜਦ ਲੋੜ ਹੋਵੇ ਮੈਨੂੰ ਦੱਸਣਾ। ਫਿਰ ਉਸ ਦਾ ਨਿਤ ਦਾ ਕੰਮ ਹੋ ਗਿਆ। ਉਹ ਮਹੀਨੇ ਦੋ ਮਹੀਨੇ ਬਾਅਦ ਆਉਂਦਾ ਅਤੇ ਮੁਨਾਸਿਬ ਰਕ਼ਮ ਲੈ ਜਾਂਦਾ। ਇੱਕ ਵਾਰ ਹਜ਼ਰਤ ਹਕੀਮੁਲ੍ ਉੱਮਤ رضي الله عنه ਕੋਲੋਂ ਵੀ ਕ਼ਰਜ਼ਾ ਲਿਆ। ਜਦ ਆਪ رضي الله عنه ਨੇ ਵਾਪਸ ਮੰਗਿਆ ਤਾਂ ਕਹਿਣ ਲੱਗਾ ਮਿਰਜ਼ਾ ਜੀ ਤਾਂ ਮੈਨੂੰ ਹਮੇਸ਼ਾ ਰੁਪਈਆ ਦਿੰਦੇ ਹਨ ਅਤੇ ਉਸ ਨਾਲ਼ ਮੇਰਾ ਗੁਜ਼ਾਰਾ ਚੱਲਦਾ ਹੈ। ਆਪ عليه السلام ਨੇ ਤਾਂ ਕਦੀ ਪੈਸੇ ਵਾਪਸ ਨਹੀਂ ਮੰਗੇ। ਚੁਨਾਂਚਿ ਹਜ਼ਰਤ ਹਕੀਮੁਲ੍ ਉੱਮਤ رضي الله عنه ਨੇ ਵੀ ਉਸ ਨੂੰ ਛੱਡ ਦਿੱਤਾ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਪਾਦਰੀ ਵਾਲਟਰ ਸਾਹਿਬ ਐਮ.ਏ ਜਿਹੜੇ ਵਾਈ.ਐਮ.ਸੀ.ਏ ਦੇ ਸੈਕਰੇਟਰੀ ਸਨ, ਨੇ ਆਪਣੀ ਕਿਤਾਬ ਵਿੱਚ ਹਜ਼ੂਰ عليه السلام ਦੇ ਬਾਰੇ ਇਹ ਰਾਏ ਲਿਖੀ ਹੈ ਕਿ ਮਿਰਜ਼ਾ ਸਾਹਿਬ عليه السلام ਆਪਣੀਆਂ ਆਦਤਾਂ ਵਿੱਚ **ਸਾਦੇ** ਅਤੇ **ਦਿਆਲੁਤਾ** ਰੱਖਣ ਵਾਲ਼ੇ ਸਨ। ਉਨ੍ਹਾਂ ਦੀ ਅਖ਼ਲਾਕ਼ੀ ਜੁਰਅਤ, ਜਿਹੜੀ ਉਨ੍ਹਾਂ ਨੇ ਆਪਣੇ ਵਿਰੋਧੀਆਂ ਦੇ ਵੱਲੋਂ ਸਖ਼ਤ ਮੁਖ਼ਾਲਫ਼ਤ ਅਤੇ ਤਕਲੀਫ਼ ਦੇਹੀ ਦੇ ਮੁਕ਼ਾਬਲੇ ਵਿੱਚ ਦਿਖਾਈ, ਯਕ਼ੀਨਨ ਕ਼ਾਬਿਲਿ ਤਾਰੀਫ਼ ਹੈ। ਸਿਰਫ਼ ਇੱਕ ਚੁੰਬਕੀ ਜਜ਼ਬ ਅਤੇ ਨਿਹਾਇਤ ਖ਼ੁਸ਼ਗਵਾਰ ਅਖ਼ਲਾਕ਼ ਰੱਖਣ ਵਾਲ਼ਾ ਸ਼ਖ਼ਸ ਹੀ ਅਜਿਹੇ ਲੋਕਾਂ ਦੀ **ਦੋਸਤੀ** ਅਤੇ **ਵਫ਼ਾਦਾਰੀ** ਹਾਸਿਲ ਕਰ ਸਕਦਾ ਸੀ ਜਿਨ੍ਹਾਂ ਵਿੱਚੋਂ ਘੱਟੋ ਘੱਟ ਦੋ ਨੇ ਅਫ਼ਗ਼ਾਨਿਸਤਾਨ ਵਿੱਚ ਆਪਣੇ ਅਕ਼ੀਦਿਆਂ ਦੀ ਵਜ੍ਹਾ ਨਾਲ਼ ਜਾਨ ਦੇ ਦਿੱਤੀ ਪਰ ਮਿਰਜ਼ਾ ਸਾਹਿਬ عليه السلام ਦਾ ਦਾਮਨ ਨਹੀਂ ਛੱਡਿਆ। ਮੈਂ ਕੁੱਝ ਪੁਰਾਣੇ ਅਹਮਦੀਆਂ ਨਾਲ਼ ਉਨ੍ਹਾਂ ਦੇ ਅਹਮਦੀ ਹੋਣ ਦੀ ਵਜ੍ਹਾ ਪੁੱਛੀ ਤਾਂ ਅਕਸਰ ਨੇ ਸਭ ਤੋਂ ਵੱਡੀ ਵਜ੍ਹਾ ਮਿਰਜ਼ਾ ਸਾਹਿਬ عليه السلام ਦੇ ਨਿੱਜੀ ਅਸਰ ਅਤੇ ਉਨ੍ਹਾਂ ਦੇ ਜਜ਼ਬ ਅਤੇ ਖਿੱਚ ਲੈਣ ਵਾਲ਼ੀ ਸ਼ਖ਼ਸੀਅਤ ਨੂੰ ਪੇਸ਼ ਕੀਤਾ।

ਆਪ عليه السلام ਜੋ ਕੁੱਝ ਕਿਸੇ ਨੂੰ ਦੇ ਦਿੰਦੇ ਉਹ ਕਿਸੇ **ਨੁਮਾਇਸ਼** ਦੇ ਲਈ ਨਹੀਂ ਹੁੰਦਾ ਸੀ ਬਲਕਿ ਮਹਿਜ਼ ਖ਼ੁਦਾ ਤਆਲਾ ਦੀ ਰਜ਼ਾ ਦੇ ਲਈ ਅਤੇ ਅੱਲਾਹ ਤਆਲਾ ਦੇ ਬੰਦਿਆਂ ‘ਤੇ ਨਰਮੀ ਦੇ ਖ਼ਿਆਲ ਨਾਲ਼ ਦਿੰਦੇ ਸਨ। ਇਸ ਲਈ ਆਮ ਤੌਰ ‘ਤੇ ਆਪ عليه السلام ਨਿਹਾਇਤ ਮਖ਼ਫ਼ੀ ਤਰੀਕ਼ੇ ਨਾਲ਼ ਅਤਾ ਫ਼ਰਮਾਉਂਦੇ ਸਨ ਅਤੇ ਕਦੀ ਦੂਸਰਿਆਂ ਨੂੰ ਅਮਲੀ ਸਬਕ਼ ਦੇਣ ਵਾਸਤੇ ਜ਼ਾਹਿਰ ਵੀ ਕਰਦੇ ਸਨ। ਆਪ عليه السلام ਦੀ ਆਦਤ ਸੀ ਕਿ ਸਵਾਲੀ ਦੀ ਗੱਲ ਨੂੰ ਰੱਦ ਨਹੀਂ ਕਰਦੇ ਸਨ ਅਤੇ ਇਹ ਵੀ ਆਦਤ ਵਿੱਚ ਸੀ ਕਿ ਕੁੱਝ ਲੋਕਾਂ ਦੀਆਂ ਲੋੜਾਂ ਦਾ ਅਹਿਸਾਸ ਕਰਕੇ, ਇਸ ਤੋਂ ਪਹਿਲਾਂ ਕਿ ਉਹ ਸਵਾਲ ਕਰਨ, ਉਨ੍ਹਾਂ ਦੀ ਮਦਦ ਕਰਦੇ ਸਨ। 1904 ਈ: ਵਿੱਚ ਇੱਕ ਵਾਰ ਇੱਕ ਮੁਖ਼ਲਿਸ ਮੁਹਾਜਿਰ ਨੂੰ ਕੁੱਝ ਰੁਪਈਏ ਦਿੱਤੇ ਕਿ ਠੰਡ ਦਾ ਮੌਸਮ ਹੈ ਤੁਹਾਨੂੰ **ਕੱਪੜਿਆਂ** ਦੀ ਲੋੜ ਹੋਵੇਗੀ ਹਾਲਾਂਕਿ ਉਨ੍ਹਾਂ ਦੇ ਵੱਲੋਂ ਕੋਈ **ਸਵਾਲ** ਨਹੀਂ ਸੀ। ਫਿਰ ਆਪ عليه السلام ਬਹੁਤ ਮਖ਼ਫ਼ੀ ਤੌਰ ‘ਤੇ ਲੋਕਾਂ ਨੂੰ ਦਿੰਦੇ ਅਤੇ ਉਸ ਵਿੱਚ ਦੋਸਤ ਦੁਸ਼ਮਣ ਦਾ ਖ਼ਿਆਲ ਨਾ ਰੱਖਦੇ।

ਸ਼ੇਖ਼ ਫ਼ਤਿਹ ਮੁਹੱਮਦ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਜਦ ਮੈਂ ਹਜ਼ੂਰ عليه السلام ਦੀ ਖ਼ਿਦਮਤ ਵਿੱਚ ਹਾਜ਼ਿਰ ਹੁੰਦਾ ਤਾਂ ਆਪ عليه السلام ਹਮੇਸ਼ਾ ਮੇਰਾ **ਕਿਰਾਇਆ** ਅਦਾ ਕਰਨ ਦੇ ਲਈ ਤਿਆਰ ਹੁੰਦੇ ਸਨ। ਭਾਵੇਂ ਮੈਨੂੰ ਲੋੜ ਨਾ ਹੁੰਦੀ ਪਰ ਹਜ਼ੂਰ عليه السلام ਦੀ ਸਖ਼ਾਵਤ ਵਾਲ਼ੀ ਰੂਹ ਇਸ ਕ਼ਦਰ ਅਜ਼ੀਮੁੱਸ਼੍ ਸ਼ਾਨ ਸੀ ਕਿ ਆਪ عليه السلام ਬਗ਼ੈਰ ਮੰਗੇ ਹਮੇਸ਼ਾ ਪੇਸ਼ ਕਰ ਦਿੰਦੇ ਸਨ ਅਤੇ ਇਹ ਮੇਰੇ ਨਾਲ਼ ਮਾਮਲਾ ਨਹੀਂ ਸੀ ਬਲਕਿ ਅਕਸਰ ਨੂੰ ਦਿੰਦੇ ਰਹਿੰਦੇ ਸਨ। ਸ਼ਾਮ ਅਤੇ ਅਰਬ ਤੋਂ ਕੁੱਝ ਲੋਕ ਆਉਂਦੇ ਅਤੇ ਆਪ عليه السلام ਉਨ੍ਹਾਂ ਨੂੰ ਕਈ ਵਾਰ ਪਹਿਲਾਂ ਤੈ ਕੀਤੀਆਂ ਗਈਆਂ ਰਕ਼ਮਾਂ ਬ-ਤੌਰ ਰਾਹ ਭੱਤਾ (ਜ਼ਾਦਿ ਰਾਹ) ਦੇ ਦਿੰਦੇ ਕਿਉਂਕਿ ਉਹ ਬਹੁਤ ਦੂਰੋਂ ਦੁਰਾਡਿਓਂ ਆਉਂਦੇ ਸਨ। ਕਈ ਵਾਰ ਲੋਕ ਸਵਾਲ ਨਾ ਕਰਦੇ ਅਤੇ ਕਾਗ਼ਜ਼ ਉੱਤੇ

ਲਿਖ ਦਿੰਦੇ। ਕਿਸੇ ਨੂੰ ਇਹ ਪਤਾ ਨਾ ਹੁੰਦਾ ਸੀ ਕਿ ਉਸ ਨੇ ਸਵਾਲ ਕੀਤਾ ਹੈ ਪਰ ਜਦ ਹਜ਼ੂਰ عليه السلام ਅੰਦਰੋਂ **ਸਵਾਲੀ** ਦੇ ਲਈ ਕੁੱਝ ਭੇਜਦੇ ਤਾਂ ਪਤਾ ਲੱਗਦਾ ਜਾਂ ਕਦੀ ਅੰਦਰ ਤਸ਼ਰੀਫ਼ ਲੈ ਜਾਂਦੇ ਵੇਲੇ ਕਹਿ ਜਾਂਦੇ ਕਿ ਤੁਸੀਂ ਬੈਠੋ ਮੈਂ ਆਉਂਦਾ ਹਾਂ। ਹਜ਼ੂਰ عليه السلام ਆਉਂਦੇ ਤਾਂ ਪਤਾ ਲੱਗਦਾ ਕਿ ਆਪ عليه السلام ਸਵਾਲੀ ਦੇ ਲਈ ਉਸ ਦੀ ਮੰਗੀ ਹੋਈ ਚੀਜ਼ ਨਕ਼ਦੀ ਜਾਂ ਕੱਪੜਾ ਲੈ ਕੇ ਆ ਰਹੇ ਹਨ।

ਦਾਅਵੇ ਤੋਂ ਪਹਿਲਾਂ ਆਪ عليه السلام ਦੇ ਭਾਈ ਦੀ ਸ਼ਾਦੀ ਦੇ ਵੇਲੇ ਉਨ੍ਹਾਂ ਨੇ ਕੁੱਝ ਬਕਰੇ ਮੰਗਵਾਏ ਸਨ ਜਿਨ੍ਹਾਂ ਨੂੰ **ਨੰਗਲ ਬਾਗ਼ਬਾਨਾ** ਦਾ ਇੱਕ ਸ਼ਖ਼ਸ ਚਰਾਇਆ ਕਰਦਾ ਸੀ। ਇਕ ਦਿਨ ਹਜ਼ੂਰ عليه السلام ਸੈਰ ਨੂੰ ਚਲੇ ਜਾ ਰਹੇ ਸਨ ਕਿ ਰਸਤੇ ਵਿੱਚ ਉਸ ਆਦਮੀ ਨੂੰ ਦੇਖਿਆ। ਉਸ ਦੇ ਨਾਲ ਉਸ ਦਾ ਬੇਟਾ ਵੀ ਸੀ ਪਰ ਨੰਗੇ ਪੈਰ ਸੀ। ਹਜ਼ੂਰ عليه السلام ਨੇ ਉਸ ਦੇ ਵੱਲ ਦੇਖ ਕੇ ਫ਼ਰਮਾਇਆ ਮੀਆਂ! ਤੂੰ ਨੰਗੇ ਪੈਰ ਫਿਰ ਰਿਹਾ ਹੈਂ। ਤੈਨੂੰ **ਕੰਡੇ** ਨਹੀਂ **ਚੁਭਦੇ**? ਉਸ ਨੇ ਅਰਜ਼ ਕੀਤਾ ਕਿ ਹਜ਼ੂਰ عليه السلام ਮੇਰੇ ਕੋਲ ਜੁੱਤੀ ਨਹੀਂ ਹੈ। ਹਜ਼ੂਰ عليه السلام ਨੇ ਆਪਣੀ ਜੁੱਤੀ ਲਾਹੀ ਅਤੇ ਉਸ ਨੂੰ ਪਹਿਨਾ ਦਿੱਤੀ। ਉਸ ਨੇ ਮਾਜ਼ਰਤ ਕੀਤੀ ਤਾਂ ਆਪ عليه السلام ਨੇ ਫ਼ਰਮਾਇਆ ਕਿ ਨਹੀਂ ਇਸ ਨੂੰ ਪਹਿਨੋ ਅਤੇ ਇਸਤੇਮਾਲ ਕਰੋ। ਫਿਰ ਆਪ عليه السلام ਨੰਗੇ ਪੈਰੀਂ ਵਾਪਸ ਘਰ ਤਸ਼ਰੀਫ਼ ਲੈ ਆਏ। ਉਸ ਵੇਲੇ ਆਪ عليه السلام ਦੀ ਉਮਰ 20 ਜਾਂ 30 ਸਾਲ ਸੀ।

ਹਜ਼ੂਰ عليه السلام ਆਪਣੇ **ਮੋਹਸਿਨ** ਅਤੇ **ਪੇਸ਼ਵਾ** ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪੈਰਵੀ ਵਿੱਚ ਦਾਨ ਪੁੰਨ ਦੇ ਪੈਕਰ ਸਨ ਫਿਰ ਵੀ ਕਈ ਵਾਰ ਸਾਨੂੰ ਇਹ ਵੀ ਨਜ਼ਰ ਆਉਂਦਾ ਹੈ ਕਿ ਕਿਸੇ **ਹਿਕਮਤ** ਅਤੇ **ਮਸਲਿਹਤ** ਦੇ ਪੇਸ਼ਿ ਨਜ਼ਰ ਆਪ عليه السلام ਨੇ ਸਵਾਲੀ ਨੂੰ ਦੇਣ ਤੋਂ ਕਿਨਾਰਾ ਵੀ ਕੀਤਾ।

ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ 1889 ਈ: ਵਿੱਚ ਆਪ عليه السلام ਲੁਧਿਆਣੇ ਵਿੱਚ ਮੌਜੂਦ ਸਨ। ਆਪ عليه السلام ਦੇ ਕੋਲ ਇੱਕ ਸਵਾਲੀ ਆਇਆ ਅਤੇ ਕਿਹਾ ਕਿ ਮੇਰਾ ਕੋਈ ਅਜ਼ੀਜ਼ ਫ਼ੌਤ ਹੋ ਗਿਆ ਹੈ। ਮੇਰੇ ਕੋਲ **ਕਫ਼ਨ ਦਫ਼ਨ** ਦੇ ਲਈ ਕੋਈ ਇੰਤਿਜ਼ਾਮ ਨਹੀਂ ਹੈ। ਹਜ਼ੂਰ عليه السلام ਨੇ ਹਜ਼ਰਤ ਕ਼ਾਜ਼ੀ ਖ਼੍ਵਾਜਾ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਇਸ ਦੇ ਨਾਲ ਜਾ ਕੇ ਕਫ਼ਨ ਦਾ ਸਮਾਨ ਕਰ ਦਿਓ। ਆਮ ਤੌਰ 'ਤੇ ਹਜ਼ੂਰ عليه السلام ਦੀ ਇਹ ਆਦਤ ਨਹੀਂ ਸੀ ਬਲਕਿ ਸਵਾਲੀ ਨੂੰ ਦੇ ਦਿੰਦੇ ਸਨ। ਕ਼ਾਜ਼ੀ ਸਾਹਿਬ رضي الله عنه ਸਵਾਲੀ ਦੇ ਨਾਲ ਰੁਖ਼ਸਤ ਹੋਏ ਅਤੇ ਕੁੱਝ ਦੇਰ ਬਾਅਦ ਹੱਸਦੇ ਹੋਏ ਵਾਪਸ ਆਏ ਅਤੇ ਕਿਹਾ ਕਿ ਸਵਾਲੀ ਨੇ ਮਿੰਨਤ ਸਮਾਜਤ ਅਤੇ ਖ਼ੁਸ਼ਾਮਦ ਸ਼ੁਰੂ ਕਰ ਦਿੱਤੀ ਕਿ ਤੁਸੀਂ ਨਾ ਜਾਓ ਅਤੇ ਜੋ ਦੇਣਾ ਹੈ, ਦੇ ਦਿਓ। ਮੈਂ ਕਿਹਾ ਕਿ ਨਹੀਂ ਮੈਨੂੰ ਇਹੀ ਹੁਕਮ ਹੋਇਆ ਹੈ ਤਾਂ ਉਸ ਨੇ ਕਿਹਾ ਕਿ ਨਾ ਕੋਈ ਮਰਿਆ ਹੈ ਅਤੇ ਨਾ ਕਫ਼ਨ ਦਫ਼ਨ ਦੀ ਲੋੜ ਹੈ। ਇਹ ਮੇਰਾ **ਪੇਸ਼ਾ** ਹੈ। ਹੁਣ ਮੇਰੀ ਪਰਦਾ ਦਰੀ ਨਾ ਕਰੋ ਅਤੇ ਉਹ ਚਲਿਆ ਗਿਆ।

ਆਪ ਬੱਚਿਆਂ ਦੀ ਖਾਹਿਸ਼ ਦੇ ਮੁਤਾਬਿਕ ਵੀ ਅਤਾ ਫ਼ਰਮਾਇਆ ਕਰਦੇ ਸਨ। ਬੀਬੀ ਰਾਣੀ ਸਾਹਿਬਾ ਵਾਲਦਾ ਅਜ਼ੀਜ਼ ਬੇਗਮ ਜ਼ੌਜਾ ਹਕੀਮ ਮੁਹੱਮਦ ਉਮਰ ਸਾਹਿਬ ਕਾਦੀਆਂ ਨੇ ਬਿਆਨ ਕੀਤਾ ਕਿ ਮੈਂ 1901 ਈ: ਵਿੱਚ ਖ਼ਤ ਦੇ ਜ਼ਰੀਏ ਬੈਅਤ ਕੀਤੀ। 1902 ਈ: ਵਿੱਚ ਕਾਦੀਆਂ ਆਈ ਤਾਂ ਮੇਰੀ ਛੋਟੀ ਲੜਕੀ ਨਾਲ ਸੀ। ਹਜ਼ੂਰ عليه السلام ਸਵੇਰ ਦੇ ਵੇਲੇ ਸੈਰ ਨੂੰ **ਬਾਗ਼** ਦੇ ਵੱਲ ਤਸ਼ਰੀਫ਼ ਲੈ ਜਾਂਦੇ। ਮੈਂ ਵੀ ਅਕਸਰ ਨਾਲ ਜਾਂਦੀ ਸੀ। ਇੱਕ ਵਾਰ **ਸਵੇਰ** ਦੇ ਵੇਲੇ ਜਦ ਹਜ਼ੂਰ عليه السلام ਖਾਣਾ ਖਾ ਰਹੇ ਸਨ ਤਾਂ ਮੈਂ ਵੀ ਆ ਗਈ। ਮੇਰੀ ਛੋਟੀ **ਲੜਕੀ** ਨੇ ਰੋਣਾ ਸ਼ੁਰੂ ਕਰ ਦਿੱਤਾ। ਹਜ਼ੂਰ عليه السلام ਨੇ ਪੁੱਛਿਆ, ਕੀ **ਕਹਿੰਦੀ** ਹੈ? ਮੈਂ ਕਿਹਾ, **ਰੋਟੀ** ਮੰਗਦੀ ਹੈ। ਆਪ عليه السلام ਨੇ ਰੋਟੀ ਦਿੱਤੀ ਪਰ ਉਹ ਚੁੱਪ ਨਾ ਹੋਈ। ਫਿਰ ਪੁੱਛਿਆ, ਹੁਣ ਕੀ **ਕਹਿੰਦੀ** ਹੈ? ਮੈਂ ਅਰਜ਼ ਕੀਤਾ ਕਿ ਇਹ ਉਹ **ਰੋਟੀ** ਮੰਗਦੀ ਹੈ ਜਿਹੜੀ ਹਜ਼ੂਰ عليه السلام ਖਾ ਰਹੇ ਹਨ। ਹਜ਼ੂਰ عليه السلام ਨੇ ਉਹ ਰੋਟੀ ਉਸ ਨੂੰ ਦੇ ਦਿੱਤੀ ਜਿਹੜੀ ਹਜ਼ੂਰ عليه السلام ਖ਼ੁਦ ਖਾ ਰਹੇ ਸਨ ਅਤੇ ਫਿਰ ਉਹ ਚੁੱਪ ਹੋ ਕੇ ਖਾਣ ਲੱਗ ਗਈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਪਿਛਲੇ ਖ਼ੁਤਬੇ ਵਿੱਚ ਮੈਂ ਵਾਕ਼ਿਆ ਬਿਆਨ ਕੀਤਾ ਸੀ ਕਿ ਲੰਗਰ ਦਾ ਖ਼ਰਚਾ ਵਧ ਗਿਆ ਤਾਂ ਹਜ਼ੂਰ عليه السلام ਨੇ ਹਜ਼ਰਤ ਅੱਮਾ ਜਾਨ ਰਜ਼ਿ ਅੱਲਾਹੁ ਅਨਹਾ ਦੇ **ਗਹਿਣੇ** ਵੇਚ ਕੇ ਖ਼ਰਚਾ ਪੂਰਾ ਕੀਤਾ। ਇਸ 'ਤੇ ਪਿਛਲੇ ਹਫ਼ਤੇ ਮੇਰੇ ਕੋਲੋਂ ਕਿਸੇ ਨੇ ਸਵਾਲ ਕੀਤਾ ਕਿ ਕੀ ਬੀਵੀ ਦਾ ਗਹਿਣਾ ਲੋੜ ਪੈਣ 'ਤੇ ਖ਼ਾਵਿੰਦ ਦੇ

ਕ਼ਬਜ਼ੇ ਵਿੱਚ ਆ ਸਕਦਾ ਹੈ ਅਤੇ ਖ਼ਰਚ ਕੀਤਾ ਜਾ ਸਕਦਾ ਹੈ? ਤਾਂ ਸਪਸ਼ਟ ਹੋਵੇ ਕਿ ਹਜ਼ੂਰ ﷺ **ਕ਼ਰਜ਼ਾ** ਲਿਆ ਕਰਦੇ ਸਨ ਅਤੇ ਵਾਪਸ ਕਰਿਆ ਕਰਦੇ ਸਨ। ਚੁਨਾਂਚਿ ਇਸ ਬਾਰੇ ਇੱਕ ਰਿਵਾਇਤ ਹੈ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਹਜ਼ਰਤ ਅੱਮਾ ਜਾਨ ਰਜ਼ਿ ਅੱਲਾਹੁ ਅਨਹਾ ਤੋਂ ਰੁਪਈਆ ਕ਼ਰਜ਼ਾ ਲਿਆ। ਕਣਕ ਖ਼ਰੀਦ ਕੇ ਲੰਗਰ ਦਾ ਖ਼ਰਚਾ ਅਤੇ ਘਰ ਦਾ ਖ਼ਰਚਾ ਪੂਰਾ ਕੀਤਾ ਕਿਉਂਕਿ ਬਹੁਤ ਸਾਰਾ ਖਾਣਾ ਆਪ ﷺ ਦੇ ਘਰੋਂ ਹੀ ਪੱਕਦਾ ਸੀ। ਬਾਅਦ ਵਿੱਚ ਆਪ ﷺ ਨੇ ਚੌਧਰੀ ਰੁਸਤਮ ਅਲੀ ਸਾਹਿਬ ਕੋਲੋਂ 500 ਰੁਪਏ ਮੰਗਵਾਏ ਅਤੇ ਕੁੱਝ ਘਿਓ ਦੀਆਂ **ਚਾਟੀਆਂ** ਮੰਗਵਾਈਆਂ ਅਤੇ ਹਜ਼ਰਤ ਅੱਮਾ ਜਾਨ ਰਜ਼ਿ ਅੱਲਾਹੁ ਅਨਹਾ ਦਾ ਕ਼ਰਜ਼ਾ ਅਦਾ ਕੀਤਾ।

ਇੱਕ ਵਾਕ਼ਿਆ ਖਾਣੇ ਵਿੱਚ ਬਰਕਤ ਦਾ ਹੈ। ਹਜ਼ਰਤ ਮੀਆਂ ਅਬਦੁੱਲਾਹ ਸਾਹਿਬ ਸਨੌਰੀ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਇੱਕ ਵਾਰ ਹਜ਼ੂਰ ﷺ ਨੇ ਚੰਦ ਮਹਿਮਾਨਾਂ ਦੀ ਦਾਵਤ ਕੀਤੀ। ਖਾਣ ਵੇਲ਼ੇ ਇੰਨੇ ਹੀ ਮਹਿਮਾਨ ਹੋਰ ਆ ਗਏ। ਹਜ਼ਰਤ ਅੱਮਾ ਜਾਨ ਰਜ਼ਿ ਅੱਲਾਹੁ ਅਨਹਾ ਨੇ ਕਿਹਾ ਕਿ ਕੁੱਝ ਖਿੱਚ ਤਾਣ ਕੇ ਖਾਣੇ ਦਾ ਇੰਤਿਜ਼ਾਮ ਤਾਂ ਹੋ ਜਾਵੇਗਾ ਪਰ **ਜ਼ਰਦਾ** ਬਹੁਤ ਘੱਟ ਹੈ, ਇਹ ਨਾ ਭੇਜਣਾ। ਹਜ਼ੂਰ ﷺ ਨੇ ਫ਼ਰਮਾਇਆ ਨਹੀਂ, ਇਹ ਮੁਨਾਸਿਬ ਨਹੀਂ ਹੈ। ਤੁਸੀਂ ਜ਼ਰਦੇ ਦਾ ਭਾਂਡਾ ਮੇਰੇ ਕੋਲ਼ ਲਿਆਓ। ਆਪ ﷺ ਨੇ ਉਸ ਭਾਂਡੇ 'ਤੇ ਰੁਮਾਲ ਪਾ ਦਿੱਤਾ ਅਤੇ ਫਿਰ ਰੁਮਾਲ ਦੇ ਥੱਲਿਓਂ ਆਪਣਾ ਹੱਥ ਗੁਜ਼ਾਰ ਕੇ ਆਪਣੀਆਂ ਉਂਗਲੀਆਂ ਜ਼ਰਦੇ ਵਿੱਚ ਦਾਖ਼ਿਲ ਕਰ ਦਿੱਤੀਆਂ ਅਤੇ ਫਿਰ ਕਿਹਾ ਕਿ ਸਭ ਦੇ ਵਾਸਤੇ ਖਾਣਾ ਕੱਢੋ। ਜਦ ਇਹ ਖਾਣਾ ਪੇਸ਼ ਕੀਤਾ ਗਿਆ ਤਾਂ ਸਭ ਨੇ ਖਾਧਾ ਅਤੇ ਕੁੱਝ ਜ਼ਰਦਾ ਬਚ ਵੀ ਗਿਆ।

ਇਹ ਆਪ ﷺ ਦੇ ਦਾਨ ਪੁੰਨ ਦੇ ਕੁੱਝ ਵਾਕ਼ਿਆਤ ਹਨ ਜਿਨ੍ਹਾਂ ਵਿੱਚ ਆਪਣੇ ਆਕ਼ਾ ਅਤੇ ਮੌਲਾ ਦੀ ਪੈਰਵੀ ਵਿੱਚ ਆਪ ﷺ ਨੇ ਅਜਿਹਾ ਨਮੂਨਾ ਦਿਖਾਇਆ ਕਿ ਆਪਣੇ ਅਤੇ ਗ਼ੈਰ ਇਥੋਂ ਤੱਕ ਕਿ ਦੁਸ਼ਮਣ ਵੀ **ਫ਼ੈਜ਼ਯਾਬ** ਹੁੰਦੇ ਰਹੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞